ਪੰਜਾਬੀ / PUNJABI

ਪੇਪਰ I / Paper I

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ *Time Allowed : **Three** Hours*	ਕੁੱਲ ਅੰਕ : **250** *Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ। ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question / part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇੱਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ । *10×5=50*

(a) ਪੰਜਾਬੀ ਭਾਸ਼ਾ ਦੇ ਮੂਲ ਸਰੋਤ ਕਿਹੜੇ ਹਨ ? ਇਸ ਦੇ ਵਿਕਾਸ ਦੇ ਕਿਹੜੇ ਪ੍ਰਮੁੱਖ ਪੜਾਅ ਰਹੇ ਹਨ ? *10*

(b) ਪੰਜਾਬੀ ਧੁਨੀ-ਵਿਉਂਤ ਦੇ ਮੂਲ ਲੱਛਣਾਂ ਬਾਰੇ ਵਿਚਾਰ ਕਰੋ । *10*

(c) ਪੰਜਾਬੀ ਦੀਆਂ ਵਿਅੰਜਨੀ ਧੁਨੀਆਂ ਕਿਹੜੀਆਂ ਹਨ ? ਇਨ੍ਹਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ? *10*

(d) ਸ਼ਬਦ-ਜੋੜਾਂ ਦੇ ਮਿਆਰੀਕਰਣ ਦੀ ਸਮੱਸਿਆਂ ਨੂੰ ਚਰਚਾ ਦਾ ਵਿਸ਼ਾ ਬਣਾਓ । *10*

(e) ਪੰਜਾਬੀ ਭਾਸ਼ਾ ਲਈ ਕਿਹੜੀ ਲਿੱਪੀ ਵਧੇਰੇ ਢੁਕਵੀਂ ਹੈ ਅਤੇ ਕਿਉਂ ? ਪੰਜਾਬੀ ਭਾਸ਼ਾ ਹੁਣ ਕਿਹੜੀਆਂ ਕਿਹੜੀਆਂ ਲਿੱਪੀਆਂ ਵਿੱਚ ਲਿਖੀ ਜਾ ਰਹੀ ਹੈ । *10*

Q2. (a) ਭਾਸ਼ਾ, ਉਪਭਾਸ਼ਾ ਅਤੇ ਟਕਸਾਲੀ ਭਾਸ਼ਾ ਵਿੱਚ ਕੀ ਅੰਤਰ ਹੈ ? ਪੰਜਾਬੀ ਦੀਆਂ ਕਿਸੇ ਤਿੰਨ ਉਪ-ਭਾਸ਼ਾਵਾਂ ਦੇ ਪਛਾਣ ਸੂਤਰਾਂ ਦੀ ਜਾਣਕਾਰੀ ਦਿਓ । *20*

(b) ਅਗੇਤਰ ਅਤੇ ਪਿਛੇਤਰਾਂ ਦੀ ਪੰਜਾਬੀ ਭਾਸ਼ਾ ਵਿੱਚ ਕੀ ਪ੍ਰਮੁੱਖ ਵਿਸ਼ੇਸ਼ਤਾ ਹੈ ? *15*

(c) ਭਾਵਾਂਸ਼ਵਿਉਂਤ (Morphology) ਤੋਂ ਕੀ ਭਾਵ ਹੈ ? ਰੂਪੀਮ ਬਾਰੇ ਵਿਚਾਰ ਕਰੋ । *15*

Q3. (a) ਗੁਰਮੁਖੀ ਲਿੱਪੀ ਦੇ ਵਿਕਾਸ ਪੜਾਵਾਂ ਬਾਰੇ ਜਾਣਕਾਰੀ ਦਿਉ । ਇਹ ਵੀ ਦੱਸੋ ਗੁਰਮੁਖੀ ਲਿੱਪੀ ਦੀਆਂ ਜਨਮਦਾਤੀਆਂ ਕਿਹੜੀਆਂ ਲਿੱਪੀਆਂ ਰਹੀਆਂ ਹਨ ? *20*

(b) ਪੰਜਾਬੀ ਵਾਕ-ਪ੍ਰਬੰਧ ਦੇ ਅੰਤਰਗਤ ਵਾਕ-ਵਟਾਂਦਰਾ ਕਿਸ ਕਿਰਿਆ ਦਾ ਸੂਚਕ ਹੈ ? ਉਦਾਹਰਣਾਂ ਪੇਸ਼ ਕਰੋ । *15*

(c) ਪੰਜਾਬੀ ਦੀਆਂ ਅਖੰਡੀ ਧੁਨੀਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸੋ । *15*

Q4. (a) ਮੱਧਕਾਲੀ ਸਾਹਿਤ ਵਿੱਚ ਨਾਥ ਜੋਗੀਆਂ ਦੇ ਸਾਹਿਤ ਦੀ ਕੀ ਭੂਮਿਕਾ ਰਹੀ ਹੈ ? *20*

(b) ਸੂਫ਼ੀ ਕਾਵਿ ਪਰੰਪਰਾ ਵਿੱਚ ਇਸ਼ਕ ਹਕੀਕੀ ਅਤੇ ਇਸ਼ਕ ਮਜਾਜ਼ੀ ਦੀ ਕੀ ਸਥਿਤੀ ਰਹੀ ਹੈ । *15*

(c) ਪੰਜਾਬੀ ਦੇ ਕਿੱਸਾ ਸਾਹਿਤ ਦਾ ਲੋਕ-ਸਾਹਿਤ ਨਾਲ ਕੀ ਰਿਸ਼ਤਾ ਰਿਹਾ ਹੈ ? ਵਿਚਾਰ ਕਰੋ । *15*

Optional Province · optionalprovince.com

SECTION B

Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਇੱਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ । ***10×5=50***

(a) ਕੀ ਪ੍ਰਗਤੀਵਾਦੀ ਪੰਜਾਬੀ ਕਾਵਿ-ਧਾਰਾ ਦਾ ਇੱਕੋ ਇੱਕ ਦਾਰਸ਼ਨਿਕ ਆਧਾਰ ਮਾਰਕਸਵਾਦੀ ਦਰਸ਼ਨ ਸੀ ? ਵਿਚਾਰ ਕਰੋ । *10*

(b) ਪ੍ਰੋ. ਮੋਹਨ ਸਿੰਘ ਦੇ ਰੋਮਾਂਟਿਕ ਪ੍ਰਗਤੀਵਾਦ ਬਾਰੇ ਵਿਚਾਰ ਕਰੋ । *10*

(c) ਸੁਰਜੀਤ ਪਾਤਰ ਦੀ ਪ੍ਰਗੀਤਾਤਮਕਤਾ ਦੇ ਪ੍ਰਮੁੱਖ ਸੁਹਜਾਤਮਕ ਆਧਾਰਾਂ ਦੀ ਪਛਾਣ ਕਰਵਾਉ । *10*

(d) ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ ਦੇ ਕਾਵਿ ਗੁਣਾਂ ਬਾਰੇ ਦੱਸੋ । *10*

(e) ਹਰਿਭਜਨ ਸਿੰਘ ਦੀ ਕਵਿਤਾ ਦੇ ਸੁਹਜ-ਸ਼ਾਸਤਰੀ ਆਧਾਰਾਂ ਦੀ ਪਛਾਣ ਕਰਵਾਉ । *10*

Q6. (a) ਸ਼ਿਵ ਕੁਮਾਰ ਬਟਾਲਵੀ ਦੀ ਰਚਨਾ "ਲੂਣਾ" ਦੇ ਮੁੱਖ ਥੀਮ ਬਾਰੇ ਚਰਚਾ ਕਰੋ । *20*

(b) ਲੋਕ-ਗੀਤ ਦੀ ਰੂਪਾਕਾਰ (Genre) ਦੇ ਤੌਰ'ਤੇ ਕੀ ਵਿਸ਼ੇਸ਼ਤਾ ਹੈ ? ਪ੍ਰਗੀਤ ਨਾਲੋਂ ਇਹ ਕਿਹੜੇ ਪੱਖਾਂ ਵਿੱਚ ਭਿੰਨ ਹੈ ? *15*

(c) ਜਗਤਾਰ ਦੀ ਗ਼ਜ਼ਲ ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਕੀ ਹਨ ? *15*

Q7. (a) ਬਲਵੰਤ ਗਾਰਗੀ ਦੇ ਨਾਟਕਾਂ ਵਿੱਚ ਕਾਮਨਾ (Desire) ਅਤੇ ਹਿੰਸਾ ਦੇ ਸੰਕਲਪ ਬਾਰੇ ਨਾਟਕ 'ਲੋਹਾ ਕੁੱਟ' ਅਤੇ 'ਕਣਕ ਦੀ ਬੱਲੀ' ਦੇ ਪ੍ਰਸੰਗ ਵਿਚ ਚਰਚਾ ਕਰੋ । *20*

(b) ਅਖਾਣ ਅਤੇ ਬੁਝਾਰਤਾਂ ਦਾ ਨਿਖੇੜਾ ਕਰਦੇ ਹੋਏ ਦੋਵਾਂ ਦੇ ਮੁੱਖ ਲੱਛਣਾਂ ਦਾ ਚਰਚਾ ਕਰੋ । *15*

(c) ਗੁਰਦਿਆਲ ਸਿੰਘ ਦੇ ਨਾਵਲ ''ਪਰਸਾ'' ਦੇ ਨਾਇਕਤਵ ਪੱਖ ਬਾਰੇ ਦੱਸੋ । *15*

Q8. (a) ਪ੍ਰਿੰਸੀਪਲ ਤੇਜਾਂ ਸਿੰਘ ਇੱਕ ਵਿਲੱਖਣ ਸ਼ੈਲੀ ਦੇ ਵਾਰਤਕਕਾਰ ਹਨ ਉਹਨਾਂ ਦੀ ਨਿਬੰਧ-ਕਲਾਂ ਦੇ ਆਧਾਰ 'ਤੇ ਉੱਤਰ ਦਿਉ । *20*

(b) ਡਾ. ਅਤਰ ਸਿੰਘ ਆਪਣੀ ਸਾਹਿੱਤਕ ਆਲੋਚਨਾ ਵਿੱਚ ਆਧੁਨਿਕਤਾ ਨੂੰ ਕਿਵੇਂ ਪਰਿਭਾਸ਼ਿਤ ਕਰਦਾ ਹੈ ? ਵਿਚਾਰ ਕਰੋ । *15*

(c) ਨਜਮ ਹੁਸੈਨ ਸੱਯਦ ਆਪਣੀ ਸਾਹਿੱਤਕ ਆਲੋਚਨਾ ਵਿੱਚ ਸਾਈਂ ਬੁੱਲ੍ਹੇਸ਼ਾਹ ਬਾਰੇ ਕੀ ਸਥਾਪਨਾਵਾਂ ਪੇਸ਼ ਕਰਦਾ ਹੈ ? ਵਿਚਾਰ ਕਰੋ । *15*

Optional Province · optionalprovince.com